ਈ-ਮੇਲ :
info@sgpc.net

ੴ ਵਾਹਿਗੁਰੂ ਜੀ ਕੀ ਫ਼ਤਹ ॥

☎ 2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 21077 ਮਿਤੀ 04-05-17

ਪ੍ਰਿੰਸੀਪਲ ਸਾਹਿਬਾਨ,
ਸਕੂਲਜ਼/ਕਾਲਜਿਜ਼,
ਪ੍ਰਬੰਧ-ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

ਪ੍ਰੋ:- ਸਾਲ 2017-18 ਦੌਰਾਨ ਅੰਮ੍ਰਿਤਧਾਰੀ ਵਿਦਿਆਰਥੀਆਂ ਦੇ ਵਜ਼ੀਫੇ ਸਬੰਧੀ।

ਸ੍ਰੀਮਾਨ ਜੀ/ਬੀਬੀ ਜੀ,

ਅੰਤ੍ਰਿੰਗ ਕਮੇਟੀ ਦੇ ਮਤਾ ਨੰ:469, ਮਿਤੀ 21-04-2017 ਰਾਹੀਂ ਸ਼੍ਰੋਮਣੀ ਗੁ:ਪ੍ਰ: ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਵਿਖੇ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸਾਲ 2017-18 ਦੇ ਵਿਦਿਅਕ ਸੈਸ਼ਨ ਦੌਰਾਨ ਫੀਸਾਂ/ਫੰਡਾਂ ਦੇ ਇਵਜ਼ ਵਿੱਚ ਹੇਠ ਲਿਖੇ ਅਨੁਸਾਰ ਧਰਮ ਪ੍ਰਚਾਰ ਕਮੇਟੀ ਦੇ ਫੰਡਾਂ ਵਿਚੋਂ ਉਕਾ-ਪੁੱਕਾ ਸਲਾਨਾ ਵਜ਼ੀਫਾ ਦੇਣ ਦੀ ਪ੍ਰਵਾਨਗੀ ਹੋਈ ਹੈ:-

| | | |
|---|---|---|
| 1. | ਦੂਸਰੀ ਕਲਾਸ ਤੋਂ ਪੰਜਵੀਂ ਤੀਕ | =2000/-ਰੁਪਏ ਸਲਾਨਾ |
| 2. | ਛੇਵੀਂ ਕਲਾਸ ਤੋਂ ਦਸਵੀਂ ਤੀਕ | =3500/-ਰੁਪਏ ਸਲਾਨਾ |
| 3. | 10+1 ਤੋਂ 10+2 ਤੀਕ | =5000/-ਰੁਪਏ ਸਲਾਨਾ |
| 4. | ਗ੍ਰੈਜੂਏਸ਼ਨ ਵਾਸਤੇ | =8000/-ਰੁਪਏ ਸਲਾਨਾ |
| 5. | ਪੋਸਟ ਗ੍ਰੈਜੂਏਸ਼ਨ ਵਾਸਤੇ | =10000/-ਰੁਪਏ ਸਲਾਨਾ |

ਉਪਰੋਕਤ ਅਨੁਸਾਰ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਲਈ ਲੋੜੀਂਦੀਆਂ ਸ਼ਰਤਾਂ ਅਤੇ ਨਿਯਮਾਂ ਅਨੁਸਾਰ ਕਾਗਜ਼ਾਤ/ਦਸਤਾਵੇਜ਼ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਵਲੋਂ ਡਾਇਰੈਕਟਰ (ਕਾਲਜਿਜ਼)/ਡਿਪਟੀ ਡਾਇਰੈਕਟਰ (ਸਕੂਲਜ਼)/ਅਸਿਸਟੈਂਟ ਡਾਇਰੈਕਟਰ (ਸਕੂਲਜ਼) ਪਾਸੋਂ ਤਸਦੀਕ ਕਰਵਾ ਕੇ ਵਜ਼ੀਫੇ ਦੀ ਰਕਮ ਪ੍ਰਾਪਤ ਕਰਨ ਲਈ ਕੇਸ ਦਫਤਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਪਾਸ ਭੇਜੇ ਜਾਣ।

ਸ਼ੁਭਚਿੰਤਕ,

ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 20-04-2018 (07 ਵੈਸਾਖ ਸੰਮਤ ਨਾਨਕਸ਼ਾਹੀ 550) ਦੇ ਮਤਾ ਨੰਬਰ 317 ਦੀ ਨਕਲ:-**

ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 469, ਮਿਤੀ 21-4-2017 ਰਾਹੀਂ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸਿੱਧੇ ਪ੍ਰਬੰਧ ਹੇਠ ਲਿਖੇ ਚੱਲ ਰਹੇ ਸਕੂਲਾਂ/ਕਾਲਜਾਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਬੱਚਿਆਂ ਨੂੰ ਵਿਦਿਅਕ ਸੈਸ਼ਨ 2017-18 ਦੌਰਾਨ ਹੇਠ ਲਿਖੇ ਅਨੁਸਾਰ ਸਲਾਨਾ ਉੱਕਾ-ਪੁੱਕਾ ਵਜੀਫਾ ਦੇਣ ਅਤੇ ਵੱਖ-ਵੱਖ ਖੇਤਰਾਂ ਵਿੱਚ ਨਾਮ ਰੋਸ਼ਨ ਕਰਨ ਵਾਲੇ ਹੋਣਹਾਰ ਸਿੱਖ ਵਿਦਿਆਰਥੀਆਂ ਨੂੰ ਵਿਸ਼ੇਸ਼ ਸਨਮਾਨ ਦੇਣ ਦੀ ਪ੍ਰਵਾਨਗੀ ਹੋਈ ਸੀ। ਇਸ ਸਬੰਧੀ ਡਾਇਰੈਕਟਰ ਐਜੂਕੇਸ਼ਨ ਵੱਲੋਂ ਪੁੱਜੀ ਪੱਤ੍ਰਿਕਾ ਨੰਬਰ 5464, ਮਿਤੀ 21-3-2018 ਅਨੁਸਾਰ ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 469, ਮਿਤੀ 21-4-2017 ਨੂੰ ਵਿਦਿਅਕ ਵਰ੍ਹੇ ਸਾਲ 2018-19 ਵਿੱਚ ਹੇਠ ਲਿਖੇ ਅਨੁਸਾਰ ਲਾਗੂ ਕਰਨ ਦੀ ਕੀਤੀ ਸਿਫਾਰਸ਼,

1. ਦੂਸਰੀ ਤੋਂ ਪੰਜਵੀਂ ਕਲਾਸ ਤੀਕ = 2000/-ਰੁਪਏ
2. ਛੇਵੀਂ ਤੋਂ ਦਸਵੀਂ ਕਲਾਸ ਤੀਕ = 3500/-ਰੁਪਏ
3. 10+1, 10+2 ਕਲਾਸ ਤੀਕ = 5000/-ਰੁਪਏ
4. ਗ੍ਰੈਜੂਏਸ਼ਨ ਵਾਸਤੇ = 8000/-ਰੁਪਏ
5. ਪੋਸਟ ਗ੍ਰੈਜੂਏਸ਼ਨ ਵਾਸਤੇ = 10,000/-ਰੁਪਏ

ਉਪਰੋਕਤ ਅਨੁਸਾਰ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਵਜੀਫਾ ਦੇਣ ਲਈ ਲੋੜੀਂਦੀਆਂ ਸ਼ਰਤਾਂ ਅਤੇ ਯੋਗਤਾਵਾਂ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਵੱਲੋਂ ਤਸਦੀਕ ਕਰਕੇ ਡਾਇਰੈਕਟਰ (ਕਾਲਜਿਜ), ਡਿਪਟੀ ਡਾਇਰੈਕਟਰ (ਸਕੂਲਜ਼), ਅਸਿਸਟੈਂਟ ਡਾਇਰੈਕਟਰ (ਸਕੂਲਜ਼) ਪਾਸੋਂ ਤਸਦੀਕ ਕਰਵਾ ਕੇ ਭੇਜੀਆਂ ਜਾਣ।

ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮ ਰੌਸ਼ਨ ਕਰਨ ਵਾਲੇ ਹੋਣਹਾਰ ਸਿੱਖ ਵਿਦਿਆਰਥੀਆਂ ਲਈ ਹੇਠ ਲਿਖੇ ਅਨੁਸਾਰ ਸਿਫਾਰਸ਼ ਕੀਤੀ ਜਾਂਦੀ ਹੈ:-

01. ਭਾਰਤ ਦੇ ਸਮੁੱਚੇ ਬੋਰਡਾਂ ਵਿੱਚੋਂ ਪਹਿਲੀਆਂ 20 ਪੋਜੀਸ਼ਨਾਂ ਵਿੱਚ ਆਉਣ ਵਾਲੇ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ 51,000/- ਰੁਪਏ ਪ੍ਰਤੀ ਵਿਦਿਆਰਥੀ ਵਿਸ਼ੇਸ਼ ਸਨਮਾਨ ਦਿੱਤਾ ਜਾਵੇ।
02. ਆਈ.ਏ.ਐਸ.,ਆਈ.ਪੀ.ਐਸ. ਅਤੇ ਇਨ੍ਹਾਂ ਦੇ ਬਰਾਬਰ ਦੀਆਂ ਪ੍ਰੀਖਿਆਵਾਂ ਵਿੱਚ ਚੁਣੇ ਜਾਣ ਵਾਲੇ ਸਾਬਤ ਸੂਰਤ ਸਿੱਖ ਉਮੀਦਵਾਰਾਂ ਨੂੰ 1,00,000/-ਰੁਪਏ ਵਿਸ਼ੇਸ਼ ਸਨਮਾਨ ਦਿੱਤਾ ਜਾਵੇ।
03. ਪੀ.ਸੀ.ਐਸ. ਵਿੱਚ ਚੁਣੇ ਜਾਣ ਵਾਲੇ ਸਾਬਤ ਸੂਰਤ ਸਿੱਖ ਉਮੀਦਵਾਰਾਂ ਨੂੰ 75,000/-ਰੁਪਏ ਪ੍ਰਤੀ ਉਮੀਦਵਾਰ ਵਿਸ਼ੇਸ਼ ਸਨਮਾਨ ਦਿੱਤਾ ਜਾਵੇ।
04. ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਖੇਤੀਬਾੜੀ ਅਤੇ ਸਾਇੰਸ ਵਿੱਚ ਵਿਸ਼ੇਸ਼ ਖੋਜ ਕਰਨ ਵਾਲੇ ਸਾਬਤ ਸੂਰਤ ਸਿੱਖ ਵਿਗਿਆਨੀਆਂ ਨੂੰ 1,00,000/-ਰੁਪਏ ਵਿਸ਼ੇਸ਼ ਸਨਮਾਨ ਦਿੱਤਾ ਜਾਵੇ।
05. ਇਹ ਵੀ ਸਿਫਾਰਸ਼ ਕੀਤੀ ਜਾਂਦੀ ਹੈ ਕਿ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ. ਉਮੀਦਵਾਰਾਂ, ਵਿਗਿਆਨੀਆਂ ਅਤੇ ਬੋਰਡਾਂ ਵਿੱਚੋਂ ਟਾਪਰ ਵਿਦਿਆਰਥੀਆਂ ਨੂੰ ਇਨਾਮੀ ਰਾਸ਼ੀ ਦੇਣ ਲਈ ਕਿਸੇ ਵਿਸ਼ੇਸ਼ ਸਮਾਗਮ ਵਿੱਚ ਸਨਮਾਨਤ ਕੀਤਾ ਜਾਇਆ ਕਰੇ।
06. ਉਪਰੋਕਤ ਅਨੁਸਾਰ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਵਜੀਫਾ ਦੇਣ ਲਈ ਲੋੜੀਂਦੀਆਂ ਸ਼ਰਤਾਂ ਅਤੇ ਯੋਗਤਾਵਾਂ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਜੀ ਵੱਲੋਂ ਤਸਦੀਕ ਕਰਕੇ ਭੇਜੀਆਂ ਜਾਣਗੀਆਂ।
07. ਇਸ ਨਾਲ ਖਰਚਾ ਦੋ ਤੋਂ ਢਾਈ ਕਰੋੜ ਰੁਪਏ ਹੋ ਸਕਦਾ ਹੈ।

ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਿੱਧੇ ਪ੍ਰਬੰਧ ਹੇਠ ਚੱਲ ਰਹੇ ਸਕੂਲਾਂ/ਕਾਲਜਾਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਉੱਕਾ-ਪੁੱਕਾ ਸਲਾਨਾ ਵਜੀਫਾ ਸੈਸ਼ਨ 2018-19 ਲਈ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. ਛੇਵੀਂ ਤੋਂ ਦਸਵੀਂ ਕਲਾਸ ਤੀਕ = 3500/-ਰੁਪਏ
2. 10+1, 10+2 ਕਲਾਸ ਤੀਕ = 5000/-ਰੁਪਏ
3. ਗ੍ਰੈਜੂਏਸ਼ਨ ਵਾਸਤੇ = 8000/-ਰੁਪਏ
4. ਪੋਸਟ ਗ੍ਰੈਜੂਏਸ਼ਨ ਵਾਸਤੇ = 10,000/-ਰੁਪਏ

ਚੱਲਦਾ---

ੴ ਵਾਹਿਗੁਰੂ ਜੀ ਕੀ ਫਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 06-03-2020 (23 ਫੱਗਣ ਸੰਮਤ ਨਾਨਕਸ਼ਾਹੀ 551) ਦੇ ਮਤਾ ਨੰਬਰ 208 ਦੀ ਨਕਲ:-

ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 295, ਮਿਤੀ 08-03-2019 ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ/ਕਾਲਜਾਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਬੱਚਿਆਂ ਨੂੰ ਵਿੱਦਿਅਕ ਸੈਸ਼ਨ 2019-2020 ਲਈ ਹੇਠ ਲਿਖੇ ਅਨੁਸਾਰ ਵਜ਼ੀਫਾ ਨਿਰਧਾਰਿਤ ਕੀਤਾ ਗਿਆ ਸੀ:-

| | | | |
|---|---|---|---|
| 01. | ਛੇਵੀਂ ਤੋਂ ਦਸਵੀਂ ਕਲਾਸ | = | 3500/-ਰੁਪਏ |
| 02. | ਗਿਆਰਵੀਂ ਤੋਂ ਬਾਰਵੀਂ ਕਲਾਸ | = | 5000/-ਰੁਪਏ |
| 03. | ਗ੍ਰੈਜੂਏਟ ਕਾਲਸਾਂ | = | 8000/-ਰੁਪਏ |
| 04. | ਪੋਸਟ ਗ੍ਰੈਜੂਏਟ ਕਲਾਸਾਂ | = | 10000/-ਰੁਪਏ |

ਵਿਦਿਅਕ ਸੈਸ਼ਨ 2020-21 ਲਈ ਅੰਮ੍ਰਿਤਧਾਰੀ ਬੱਚਿਆਂ ਨੂੰ ਵਜ਼ੀਫਾ ਦੇਣ ਦਾ ਮਾਮਲਾ, ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਵਿੱਦਿਅਕ ਸੈਸ਼ਨ 2020-21 ਲਈ ਵੀ ਸੈਸ਼ਨ 2019-2020 ਦੀ ਤਰਜ਼ ਤੇ ਹੀ ਉਪਰੋਕਤ ਅਨੁਸਾਰ ਅੰਮ੍ਰਿਤਧਾਰੀ ਬੱਚਿਆਂ ਨੂੰ ਵਜ਼ੀਫਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਇਹ ਵੀ ਪ੍ਰਵਾਨ ਹੋਇਆ ਕਿ ਉਪਰੋਕਤ ਅਨੁਸਾਰ ਵਜ਼ੀਫਾ ਕੇਵਲ ਵਿਦਿਆਰਥੀ ਦੇ ਅੰਮ੍ਰਿਤਧਾਰੀ ਹੋਣ ਤੇ ਹੀ ਅਦਾ ਕੀਤਾ ਜਾਵੇ, ਇਸ ਸਬੰਧੀ ਹੋਰ ਕੋਈ ਸ਼ਰਤ ਲਾਗੂ ਨਹੀਂ ਹੋਵੇਗੀ। ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਲਈ ਲੋੜੀਂਦੀਆਂ ਸ਼ਰਤਾਂ ਅਤੇ ਯੋਗਤਾਵਾਂ ਸਬੰਧਤ ਸੰਸਥਾਂ ਦੇ ਪ੍ਰਿੰਸੀਪਲ ਵੱਲੋਂ ਡਾਇਰੈਕਟਰ ਆਫ ਐਜੂਕੇਸ਼ਨ ਪਾਸੋਂ ਤਸਦੀਕ ਕਰਵਾ ਕੇ ਕੇਸ ਦਫਤਰ, ਧਰਮ ਪ੍ਰਚਾਰ ਕਮੇਟੀ ਵਿਖੇ ਭੇਜੇ ਜਾਣ।

---

ਦਫਤਰ:- **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 29289 ਮਿਤੀ 7-3-2020

ਉਤਾਰਾ:
1. ਸਕੱਤਰ ਸਾਹਿਬ, ਧਰਮ ਪ੍ਰਚਾਰ ਕਮੇਟੀ।
2. ਸਕੱਤਰ ਸਾਹਿਬ (ਨਿੱਜੀ ਸਕੱਤਰ-ਪ੍ਰਧਾਨ ਸਾਹਿਬ), ਸ਼੍ਰੋਮਣੀ ਗੁ:ਪ੍ਰ:ਕਮੇਟੀ।
3. ਮੀਤ:ਸਕੱਤਰ ਜੀ (ਐਜੂਕੇਸ਼ਨ), ਸ਼੍ਰੋਮਣੀ ਗੁ:ਪ੍ਰ:ਕਮੇਟੀ।
4. ਡਾਇਰੈਕਟੋਰੇਟ ਆਫ ਐਜੂਕੇਸ਼ਨ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਬਹਾਦਰਗੜ੍ਹ,ਪਟਿਆਲਾ।
5. ਅਕਾਊਂਟੈਂਟ ਜੀ, ਧਰਮ ਪ੍ਰਚਾਰ ਕਮੇਟੀ।
6. ਸਮੂਹ ਪ੍ਰਿੰਸੀਪਲ ਸਾਹਿਬਾਨ ਸਕੂਲਾਂ/ਕਾਲਜਾਂ।

ਰੂਪ ਸਿੰਘ (ਡਾ.)
ਮੁੱਖ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।

18333
18/3/2020

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ


ਨੰ: 20051 ਮਿਤੀ: 3-4-19

ਪ੍ਰਿੰਸੀਪਲ/ਮੁਖ ਅਧਿਆਪਕ/ਇੰਚਾਰਜ ਜੀ,
ਸਮੂਹ ਸਕੂਲਜ਼/ਕਾਲਜਿਜ਼,
ਪ੍ਰਬੰਧ-ਸ਼੍ਰੋ:ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ਪ੍ਰੋ:- ਸਰਕੂਲਰ।

ਸ੍ਰੀਮਾਨ/ਬੀਬੀ ਜੀ,

ਅੰਤ੍ਰਿਗ ਕਮੇਟੀ ਦੇ ਮਤਾ ਨੰ:295, ਮਿਤੀ 08-03-2019 ਰਾਹੀਂ ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਸਕੂਲਾਂ/ਕਾਲਜਾਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਬੱਚਿਆਂ ਨੂੰ ਪਿਛਲੇ ਸਾਲ ਦੀ ਰੁਟੀਨ ਅਨੁਸਾਰ ਧਰਮ ਪ੍ਰਚਾਰ ਕਮੇਟੀ ਦੇ ਫੰਡਾਂ ਵਿੱਚੋਂ ਵਜ਼ੀਫਾ ਦੇਣ ਦੀ ਪ੍ਰਵਾਨਗੀ ਹੇਠ ਲਿਖੇ ਅਨੁਸਾਰ ਹੋਈ ਹੈ:-

| | | |
|---|---|---|
| 1. ਛੇਵੀਂ ਤੋਂ ਦਸਵੀਂ ਕਲਾਸ | = | 3500/- |
| 2. ਗਿਆਰਵੀਂ ਤੋਂ ਬਾਹਵੀਂ | = | 5000/- |
| 3. ਗ੍ਰੈਜੂਏਟ ਕਲਾਸਾਂ | = | 8000/- |
| 4. ਪੋਸਟ ਗ੍ਰੈਜੂਏਟ ਕਲਾਸਾਂ | = | 10000/- |

<u>ਵਜ਼ੀਫੇ ਸਬੰਧੀ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-</u>

1. ਉਪਰੋਕਤ ਵਜ਼ੀਫਾ ਲੈਣ ਵਾਲੇ ਵਿਦਿਆਰਥੀਆਂ ਦੇ ਮਾਤਾ-ਪਿਤਾ ਅੰਮ੍ਰਿਤਧਾਰੀ ਹੋਣ।
2. ਜਿਹੜੇ ਵਿਦਿਆਰਥੀ ਦੂਜੀ ਵਾਰ ਜਾਂ ਇਸ ਤੋਂ ਵੱਧ ਵਜ਼ੀਫੇ ਲੈਣਗੇ, ਉਹਨਾਂ ਦੀ ਸਿੱਖੀ ਧਰਮ ਅਤੇ ਬਾਣੀ ਸਬੰਧੀ ਟੈਸਟ ਸੰਸਥਾ ਪੱਧਰ ਤੇ ਲਿਆ ਜਾਵੇ

ਸ਼ੁਭਚਿੰਤਕ,

ਮੀਤ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

1695
3/4/19

ਫ਼ੋਨ +91 183 2553957-59, ਫ਼ੈਕਸ: +91 183 2553919
ਈ-ਮੇਲ: info@sgpc.net | ਵੈਬਸਾਈਟ: www.sgpc.net

ੴ ਵਾਹਿਗੁਰੂ ਜੀ ਕੀ ਫਤਹ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 09-02-2021 (27 ਮਾਘ ਸੰਮਤ ਨਾਨਕਸ਼ਾਹੀ 552) ਦੇ ਮਤਾ ਨੰਬਰ 136 ਦੀ ਨਕਲ:-**

ਅੰਤ੍ਰਿੰਗ ਕਮੇਟੀ ਦੇ ਮਤਾ ਨੰ:208, ਮਿਤੀ 06-03-2020 ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਹੇਠ ਚੱਲ ਰਹੇ ਸਕੂਲਾਂ/ਕਾਲਜਾਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਿਦਿਅਕ ਸੈਸ਼ਨ 2020-21 ਲਈ ਹੇਠ ਲਿਖੇ ਅਨੁਸਾਰ ਵਜ਼ੀਫਾ ਨਿਰਧਾਰਿਤ ਕੀਤਾ ਗਿਆ ਸੀ:-

| | | |
|---|---|---|
| 01. | ਛੇਵੀਂ ਤੋਂ ਦਸਵੀਂ ਕਲਾਸ | =3500/-ਰੁਪਏ |
| 02. | ਗਿਆਰ੍ਹਵੀਂ ਤੋਂ ਬਾਰ੍ਹਵੀਂ ਕਲਾਸ | =5000/-ਰੁਪਏ |
| 03. | ਗ੍ਰੈਜੂਏਟ ਕਲਾਸਾਂ | =8000/-ਰੁਪਏ |
| 04. | ਪੋਸਟ ਗ੍ਰੈਜੂਏਟ ਕਲਾਸਾਂ | =10000/-ਰੁਪਏ |

ਵਿਦਿਅਕ ਸੈਸ਼ਨ 2021-2022 ਲਈ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਵਿੱਦਿਅਕ ਸੈਸ਼ਨ 2021-2022 ਲਈ ਵੀ ਵਿੱਦਿਅਕ ਸੈਸ਼ਨ 2020-21 ਦੀ ਤਰਜ ਤੇ ਹੀ ਉਪਰੋਕਤ ਅਨੁਸਾਰ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਦੇ ਫੰਡਾਂ ਵਿਚੋਂ ਵਜੀਫਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਹ ਵਜੀਫਾ ਕੇਵਲ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸਿੱਧੇ ਪ੍ਰਬੰਧ ਅਧੀਨ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਹੀ ਅਦਾ ਕੀਤਾ ਜਾਵੇਗਾ।**

**ਇਹ ਵੀ ਪ੍ਰਵਾਨ ਹੋਇਆ ਕਿ ਉਪਰੋਕਤ ਅਨੁਸਾਰ ਵਜੀਫਾ ਕੇਵਲ ਵਿਦਿਆਰਥੀ ਦੇ ਅੰਮ੍ਰਿਤਧਾਰੀ ਹੋਣ ਦੀ ਸ਼ਰਤ ਤੇ ਹੀ ਅਦਾ ਕੀਤਾ ਜਾਵੇ। ਇਸ ਸਬੰਧੀ ਹੋਰ ਕੋਈ ਸ਼ਰਤ ਲਾਗੂ ਨਹੀਂ ਹੋਵੇਗੀ। ਵਿਦਿਆਰਥੀਆਂ ਨੂੰ ਵਜੀਫਾ ਦੇਣ ਲਈ ਲੋੜੀਂਦੀਆਂ ਸ਼ਰਤਾਂ ਅਤੇ ਯੋਗਤਾਵਾਂ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਵੱਲੋਂ ਚੈੱਕ ਕਰ/ਕਰਵਾ ਕੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਪਾਸੋਂ ਤਸਦੀਕ ਕਰਵਾ ਕੇ, ਕੇਸ ਦਫਤਰ ਧਰਮ ਪ੍ਰਚਾਰ ਕਮੇਟੀ ਵਿਖੇ ਭੇਜੇ ਜਾਣ।**

---

ਦਫਤਰ:- **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 26251

ਮਿਤੀ 16-2-2021

ਉਤਾਰਾ:
1. ਮੀਤ ਸਕੱਤਰ ਜੀ, ਧਰਮ ਪ੍ਰਚਾਰ ਕਮੇਟੀ।
2. ਲੇਖਾਕਾਰ ਜੀ, ਧਰਮ ਪ੍ਰਚਾਰ ਕਮੇਟੀ
3. ਡਾਇਰੈਕਟਰ ਜੀ, ਡਾਇਰੈਕਟੋਰੇਟ ਆਫ ਐਜੂਕੇਸ਼ਨ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਬਹਾਦਰਗੜ੍ਹ (ਪਟਿਆਲਾ)
4. ਸਮੂਹ ਪ੍ਰਿੰਸੀਪਲ ਸਾਹਿਬਾਨ-ਪ੍ਰਬੰਧ ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**(ਹਰਜਿੰਦਰ ਸਿੰਘ 'ਐਡਵੋਕੇਟ')**
**ਆਨਰੇਰੀ ਮੁੱਖ ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ।